Birmingham and Solihull Integrated Care System
Caring about healthier lives

NHS
University Hospitals Birmingham
NHS Foundation Trust

# ਵਾਸ਼ਵੁੱਡ ਹੀਥ ਕਮਿਊਨਿਟੀ ਡਾਇਗਨੌਸਟਿਕ ਸੈਂਟਰ

ਵਾਸ਼ਵੁੱਡ ਹੀਥ ਕਮਿਊਨਿਟੀ ਡਾਇਗਨੌਸਟਿਕ ਸੈਂਟਰ ਇੱਥੇ ਸਥਿਤ ਹੈ:

**Washwood Heath Health and Wellbeing Centre**
**Clodeshall Rd, Saltley, Birmingham B8 3SN**

**ਖੁੱਲ੍ਹਣ ਦਾ ਸਮਾਂ:** ਸੋਮਵਾਰ-ਐਤਵਾਰ, ਸਵੇਰੇ 8 ਤੋਂ ਸ਼ਾਮ 8 ਵਜੇ
ਮੁਫ਼ਤ ਪਾਰਕਿੰਗ




ਕਮਿਊਨਿਟੀ ਡਾਇਗਨੌਸਟਿਕ ਸੈਂਟਰ (CDCs) ਕਿਸੇ ਗੰਭੀਰ ਹਸਪਤਾਲ ਲਈ ਵਿਕਲਪਕ ਸਥਾਨ ‘ਤੇ ਬਹੁਤ ਤਰ੍ਹਾਂ ਦੀਆਂ ਜਾਂਚਾਂ, ਸਕੈਨ ਅਤੇ ਟੈਸਟ ਮੁਹੱਈਆ ਕਰਦੇ ਹਨ।

ਸਾਡੇ CDC ਵਿੱਚ ਕੰਮ ਕਰਨ ਵਾਲੇ ਸਾਥੀ ਬਹੁਤ ਤਜ਼ਰਬੇਕਾਰ ਹਨ। ਸਾਡੇ CDC ਵਿੱਚ ਕੰਮ ਕਰਨ ਤੋਂ ਇਲਾਵਾ, ਉਹ ਖੇਤਰ ਵਿੱਚ ਸਾਡੇ ਵੱਡੇ ਗੰਭੀਰ ਹਸਪਤਾਲਾਂ ਵਿੱਚ ਵੀ ਪ੍ਰੈਕਟਿਸ ਕਰਦੇ ਹਨ। ਕਿਸੇ CDC ਵਿਖੇ ਅਪਾਇੰਟਮੈਂਟ ਵਿੱਚ ਸ਼ਾਮਲ ਹੋਣ ਨਾਲ, ਤੁਹਾਨੂੰ ਉਸੇ ਤਰ੍ਹਾਂ ਦੀ ਕਲੀਨਿਕਲ ਮੁਹਾਰਤ ਅਤੇ ਉਪਕਰਨ ਤੱਕ ਪਹੁੰਚ ਮਿਲ ਸਕੇਗੀ ਜਿਵੇਂ ਦੀ ਤੁਹਾਨੂੰ ਸਾਡੇ ਵੱਡੇ ਗੰਭੀਰ ਹਸਪਤਾਲਾਂ ਵਿੱਚੋਂ ਇੱਕ ਵਿੱਚ ਮਿਲੇਗੀ।


ਨਿਦਾਨਾਤਮਕ (ਸਮੱਸਿਆ ਦਾ ਪਤਾ ਲਗਾਉਣ ਵਾਲੀਆਂ) ਜਾਂਚਾਂ ਲਈ CDC ਕੋਲ ਰੈਫਰ ਕੀਤੇ ਜਾਣ ਦੇ ਬਹੁਤ ਸਾਰੇ ਫਾਇਦੇ ਹਨ। ਸਾਡੇ CDCs ਨਿਦਾਨ ਦੀ ਉਡੀਕ ਕਰਨ ਲਈ ਲੋੜੀਂਦੇ ਸਮੇਂ ਦੀ ਮਾਤਰਾ ਨੂੰ ਘਟਾ ਸਕਦੇ ਹਨ, ਭਾਵ ਜੇ ਲੋੜ ਹੋਵੇ ਤਾਂ ਇਲਾਜ ਜਲਦੀ ਸ਼ੁਰੂ ਹੋ ਸਕਦਾ ਹੈ। ਤੁਹਾਨੂੰ ਅਜਿਹੀਆਂ ਅਪਾਇੰਟਮੈਂਟਾਂ ਤੱਕ ਪਹੁੰਚ ਮਿਲ ਸਕਦੀ ਹੈ ਜੋ ਤੁਹਾਡੇ ਲਈ ਵਧੇਰੇ ਸੁਵਿਧਾਜਨਕ ਹਨ, ਜਿਵੇਂ ਕਿ ਸ਼ਾਮ ਵੇਲੇ ਜਾਂ ਵੀਕਐਂਡ ਦੌਰਾਨ, ਅਤੇ ਕਾਫ਼ੀ ਮੁਫ਼ਤ ਪਾਰਕਿੰਗ ਦੇ ਨਾਲ, ਸਾਡੇ CDC ਬਹੁਤ ਪਹੁੰਚਯੋਗ ਹਨ।

# ਕਿਹੜੀਆਂ ਸੇਵਾਵਾਂ ਉਪਲਬਧ ਹਨ?

ਨਿਦਾਨਾਤਮਕ ਟੈਸਟਿੰਗ ਲਈ ਅਪਾਇੰਟਮੈਂਟ ਹੇਠਾਂ ਦਿੱਤੇ ਖੇਤਰਾਂ ਵਿੱਚ ਉਪਲਬਧ ਹਨ:

- **ਇਮੇਜਿੰਗ:** MRI, ਐਕਸ-ਰੇ ਅਤੇ ਅਲਟਰਾਸਾਊਂਡ ਸਮੇਤ ਸਕੈਨ
- **ਦਿਲ ਸੰਬੰਧੀ:** ਦਿਲ ਦੇ ਨਿਦਾਨਾਤਮਕ ਟੈਸਟ, ਜਿਵੇਂ ਕਿ ਈਕੋਕਾਰਡੀਓਗ੍ਰਾਮ
- **ਟੈਲੀਡਰਮਾਟੋਲੋਜੀ:** ਚਮੜੀ ਦੀਆਂ ਸਮੱਸਿਆਵਾਂ ਦਾ ਤਰਜੀਹ ਨਿਰਧਾਰਨ, ਨਿਦਾਨ ਅਤੇ ਮੁਲਾਂਕਣ ਕਰਨ ਲਈ ਕਲੀਨਿਕਲ ਫੋਟੋਗ੍ਰਾਫੀ
- **ਸਾਹ ਸਬੰਧੀ:** ਫੇਫੜੇ ਦੇ ਕਾਰਜ ਦੇ ਟੈਸਟ
- **ਫਲੇਬੋਟੋਮੀ (ਸ਼ਿਰਾ-ਛੇਦਣ):** ਖੂਨ ਦੇ ਟੈਸਟ
- **ਵਾਕ-ਇਨ ਛਾਤੀ ਦਾ ਐਕਸ-ਰੇ:** ਜ਼ਰੂਰੀ ਐਕਸ-ਰੇ





# ਫਾਇਦੇ ਅਤੇ ਵਾਸ਼ਵੁੱਡ ਹੀਥ CDC ਤੱਕ ਪਹੁੰਚ ਕਿਵੇਂ ਕਰਨੀ ਹੈ

## ਫਾਇਦੇ ਕੀ ਹਨ?

ਤੁਸੀਂ ਇੱਕੋ ਦਿਨ ਇੱਕੋ ਥਾਂ 'ਤੇ ਕਈ ਟੈਸਟ ਕਰਵਾ ਸਕਦੇ ਹੋ, ਜਿਸ ਨਾਲ ਨਿਦਾਨਾਤਮਕ ਟੈਸਟਾਂ ਲਈ ਵਧੇਰੇ ਸੁਵਿਧਾਜਨਕ ਪਹੁੰਚ ਮਿਲਦੀ ਹੈ ਅਤੇ ਤੁਹਾਡੇ ਲਈ ਲੋੜੀਂਦੀਆਂ ਅਪਾਇੰਟਮੈਂਟਾਂ ਦੀ ਸੰਖਿਆ ਘੱਟ ਜਾਂਦੀ ਹੈ।

- ਅਪਾਇੰਟਮੈਂਟਾਂ ਲਈ ਉਡੀਕ ਕਰਨ ਦਾ ਸਮਾਂ ਛੋਟਾ ਹੁੰਦਾ ਹੈ, ਭਾਵ ਜੇਕਰ ਤੁਹਾਨੂੰ ਇਲਾਜ ਦੀ ਲੋੜ ਹੈ ਤਾਂ ਤੁਸੀਂ ਇਸਨੂੰ ਜਲਦੀ ਸ਼ੁਰੂ ਕਰ ਸਕਦੇ ਹੋ
- ਸਾਈਟ 'ਤੇ ਮੁਫ਼ਤ ਪਹੁੰਚਯੋਗ ਪਾਰਕਿੰਗ ਹੈ

- ਤੁਹਾਨੂੰ NHS ਕੋਲ ਉਪਲਬਧ ਕੁਝ ਸਭ ਤੋਂ ਉੱਨਤ ਡਾਇਗਨੌਸਟਿਕ ਟੈਕਨਾਲੋਜੀ ਤੱਕ ਪਹੁੰਚ ਮਿਲੇਗੀ

**ਤੁਸੀਂ ਵਾਸ਼ਵੁੱਡ ਹੀਥ CDC ਤੱਕ ਕਿਵੇਂ ਪਹੁੰਚ ਕਰ ਸਕਦੇ ਹੋ?**
ਤੁਹਾਨੂੰ ਤੁਹਾਡੇ ਜੀਪੀ ਜਾਂ ਤੁਹਾਡੀ ਹਸਪਤਾਲ ਦੀ ਦੇਖਭਾਲ ਟੀਮ ਦੁਆਰਾ ਵਾਸ਼ਵੁੱਡ ਹੀਥ CDC ਕੋਲ ਭੇਜਿਆ ਜਾ ਸਕਦਾ ਹੈ। ਇੱਕ ਵਾਰ ਤੁਹਾਨੂੰ ਰੈਫਰ ਕੀਤੇ ਜਾਣ ਤੋਂ ਬਾਅਦ, ਤੁਹਾਨੂੰ ਡਾਕ ਜਾਂ ਟੈਕਸਟ ਦੁਆਰਾ ਤੁਹਾਡੀ ਅਪਾਇੰਟਮੈਂਟ ਦੇ ਵੇਰਵੇ ਪ੍ਰਾਪਤ ਹੋਣਗੇ।

## ਵਾਸ਼ਵੁੱਡ ਹੀਥ CDC ‘ਤੇ ਜਾਣ ਤੋਂ ਬਾਅਦ ਮੈਂ ਆਪਣੇ ਨਤੀਜੇ ਕਿਵੇਂ ਪ੍ਰਾਪਤ ਕਰਾਂ?




ਜੇ ਤੁਸੀਂ ਬਰਮਿੰਘਮ ਅਤੇ ਸੋਲੀਹੁਲ ਵਿੱਚ ਕਿਸੇ ਹਸਪਤਾਲ ਵਿੱਚ ਬਾਹਰੀ ਮਰੀਜ਼ ਹੋ, ਤਾਂ ਤੁਹਾਨੂੰ ਜਾਂ ਤਾਂ ਫਾਲੋ-ਅੱਪ ਅਪਾਇੰਟਮੈਂਟ ਜਾਂ ਫਿਰ ਤੁਹਾਡੇ ਨਤੀਜਿਆਂ ਦੇ ਨਾਲ ਫਾਲੋ-ਅਪ ਪੱਤਰ, ਆਮ ਤੌਰ ‘ਤੇ ਡਾਕ ਦੁਆਰਾ, ਜਾਂ ਜੇ ਤੁਸੀਂ ਟੈਕਸਟ ਦੁਆਰਾ ਸੰਚਾਰ ਪ੍ਰਾਪਤ ਕਰਨ ਲਈ ਰਜਿਸਟਰਡ ਹੋ ਤਾਂ ਇਸ ਤਰੀਕੇ ਨਾਲ ਪ੍ਰਾਪਤ ਹੋਵੇਗਾ। ਜੇ ਤੁਹਾਨੂੰ ਤੁਹਾਡੇ ਜੀਪੀ ਦੁਆਰਾ ਵਾਸ਼ਵੁੱਡ ਹੀਥ CDC ਲਈ ਰੈਫਰ ਕੀਤਾ ਗਿਆ ਸੀ, ਤਾਂ ਕਿਰਪਾ ਕਰਕੇ ਆਪਣੇ ਨਤੀਜਿਆਂ ਲਈ CDC ਵਿਖੇ ਅਪਾਇੰਟਮੈਂਟ ਤੋਂ ਦੋ ਹਫ਼ਤੇ ਬਾਅਦ ਆਪਣੀ ਜੀਪੀ ਸਰਜਰੀ ਨਾਲ ਸੰਪਰਕ ਕਰੋ।

## ਮੈਂ ਆਪਣੀ ਅਪਾਇੰਟਮੈਂਟ ਕਿਵੇਂ ਬਦਲ ਸਕਦਾ/ਸਕਦੀ ਹਾਂ?

ਕਿਰਪਾ ਕਰਕੇ ਆਪਣੇ ਅਪਾਇੰਟਮੈਂਟ ਪੱਤਰ ‘ਤੇ ਦਰਸਾਏ ਗਏ ਬੁਕਿੰਗ ਸੰਪਰਕ ਨੰਬਰ ‘ਤੇ ਸੰਪਰਕ ਕਰੋ। ਜੇ ਤੁਹਾਨੂੰ ਟੈਲੀਫੋਨ ਰਾਹੀਂ ਅਪਾਇੰਟਮੈਂਟ ਮਿਲੀ ਹੈ, ਤਾਂ ਕਿਰਪਾ ਕਰਕੇ ਰਿਸੈਪਸ਼ਨ ਨਾਲ **0121 371 7420 / 0121 371 7421** ‘ਤੇ ਸੰਪਰਕ ਕਰੋ।

---

ਜੇ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਫਾਰਮੈਟ ਵਿੱਚ ਚਾਹੀਦੀ ਹੈ, ਜਿਵੇਂ ਕਿ ਕੋਈ ਵੱਖਰੀ ਭਾਸ਼ਾ, ਵੱਡਾ ਪ੍ਰਿੰਟ, ਬ੍ਰੇਲ ਜਾਂ ਆਡੀਓ ਸੰਸਕਰਣ ਕਿਰਪਾ ਕਰਕੇ ਸਟਾਫ਼ ਦੇ ਕਿਸੇ ਮੈਂਬਰ ਨੂੰ ਪੁੱਛੋ ਜਾਂ **interpreting.service@uhb.nhs.uk**. ‘ਤੇ ਈਮੇਲ ਕਰੋ।

---

PI24/3044/01 ਲੇਖਕ: ਮਨਜੀਤ ਸੋਗੀ
ਮਿਤੀ: ਜਨਵਰੀ 2025 ਸਮੀਖਿਆ ਕਰਨ ਦੀ ਮਿਤੀ: ਨਵੰਬਰ 2026